# ਮਾਡਲ ਟੈਸਟ ਪੇਪਰ
## ਸ਼੍ਰੇਣੀ-ਦਸਵੀਂ
## ਵਿਸ਼ਾ-ਪੰਜਾਬੀ
## ਪੇਪਰ-ਬੀ
## ਸਮੈਸਟਰ-ਪਹਿਲਾ

**ਲਿਖਤੀ -50 ਅੰਕ**
**ਆਂਤਰਿਕ ਮੁਲਾਂਕਣ-25 ਅੰਕ**

**ਸਮਾਂ: 3 ਘੰਟੇ** **ਕੁੱਲ -75 ਅੰਕ**

**ਪ੍ਰਸ਼ਨ:1 ਵਸਤੂਨਿਸ਼ਟ ਪ੍ਰਸ਼ਨ :**

(ੳ) ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
(ਅ) ਵਿਆਕਰਨ ਦੇ ਜਿਸ ਭਾਗ ਅਧੀਨ ਅੱਖਰਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?
(ੲ) ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ?
(ਸ) ਪੰਜਾਬੀਆਂ ਦੀ ਮਾਂ-ਬੋਲੀ ਕਿਹੜੀ ਹੈ?
(ਹ) ਭਾਰਤੀ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?
(ਕ) ਮਾਲਵੇ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
(ਖ) ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬੀ ਦੀ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?
(ਗ) ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ?
(ਘ) ਧੁਨੀ ਤੋਂ ਕੀ ਭਾਵ ਹੈ?
(ਙ) ਬੋਲਦੇ ਸਮੇਂ ਮੂੰਹ ਵਿੱਚੋਂ ਬੇਰੋਕ ਆਵਾਜ਼ ਬਾਹਰ ਆਉਣ ਤੇ ਕਿਹੜੀ ਧੁਨੀ ਪ੍ਰਗਟ ਹੁੰਦੀ ਹੈ?
(ਚ) ਨਾਸਕੀ ਧੁਨੀਆਂ ਪ੍ਰਗਟ ਕਰਨ ਵਾਲੇ ਪੰਜ ਅੱਖਰ ਲਿਖੋ?
(ਛ) ਸ (ਸੱਸਾ) ਅੱਖਰ ਕਿਹੜੀ ਧੁਨੀ ਪ੍ਰਗਟਾਉਂਦਾ ਹੈ?
(ਜ) ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?
(ਝ) ਪੁਰਖ-ਵਾਚਕ ਪੜਨਾਂਵ ਦੀਆਂ ਕਿੰਨੀਆ ਕਿਸਮਾਂ ਹਨ?
(ਞ) 'ਚੰਡੀਗੜ੍ਹ' ਕਿਹੜਾ ਨਾਂਵ ਹੈ?
(ਟ) ਤੀਜੇ ਪੁਰਖ ਦੀ ਇੱਕ ਉਦਾਹਰਨ ਦਿਓ?
(ਠ) ਕਈ ਪੜ੍ਹਾਈ ਵਿੱਚ ਬਹੁਤੀ ਦਿਲਚਸਪੀ ਨਹੀਂ ਰੱਖਦੇ। ਇਸ ਵਾਕ ਵਿੱਚ 'ਕਈ' ਸ਼ਬਦ ਪੜਨਾਂਵ ਦੀ ਕਿਹੜੀ ਕਿਸਮ ਹੈ?
(ਡ) ਫ਼ੌਜ, ਜਮਾਤ, ਜਥਾ, ਝੁੰਡ ਸ਼ਬਦ ਨਾਂਵ ਦੀ ਕਿਸ ਕਿਸਮ ਨਾਲ਼ ਸੰਬੰਧਿਤ ਹਨ?
(ਢ) ਪੰਜਾਬੀ ਵਿਅਕਰਨ ਅਨੁਸਾਰ ਲਿੰਗ ਦੀਆਂ ਕਿੰਨੀਆਂ ਕਿਸਮਾਂ ਹਨ?
(ਣ) 'ਪੁਸਤਕਾਂ' ਸ਼ਬਦ ਕਿਹੜੇ ਵਚਨ ਨੂੰ ਪ੍ਰਗਟਾਉਂਦਾ ਹੈ? **20×½= 10**

ਪ੍ਰਸ਼ਨ:2 ਹੇਠ ਲਿਖੇ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਗ-ਪਗ 400 ਸ਼ਬਦਾਂ ਵਿੱਚ ਲਿਖੋ :

(ੳ) ਪੰਦਰਾਂ ਅਗਸਤ (ਅ) ਗੁਰੂ ਅਰਜਨ ਦੇਵ ਜੀ
(ੲ) ਸ਼ਹੀਦ ਭਗਤ ਸਿੰਘ (ਸ) ਟੈਲੀਵੀਜ਼ਨ ਦੇ ਲਾਭ ਤੇ ਹਾਨੀਆਂ
(ਹ) ਵਿਦਿਆਰਥੀ ਤੇ ਖੇਡਾਂ **10**

ਪ੍ਰਸ਼ਨ:3 ਤੁਹਾਡੇ ਮਾਸੀ ਜੀ ਜਾਂ ਕੋਈ ਨੇੜਲਾ ਰਿਸ਼ਤੇਦਾਰ ਤੁਹਾਡੇ ਚੰਗੇ ਨੰਬਰਾਂ ਨਾਲ ਪਾਸ ਹੋਣ ਦੀ ਖੁਸ਼ੀ ਵਿੱਚ ਤੁਹਾਨੂੰ ਕੋਈ ਸੁਗਾਤ ਦੇਣਾ ਚਾਹੁੰਦੇ ਹਨ। ਇੱਕ ਪੱਤਰ ਰਾਹੀਂ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਕੁਝ ਚੰਗੀਆਂ ਵਸਤਾਂ ਸੁਗਾਤ ਵਜੋਂ ਦੇਣ ਲਈ ਸੁਝਾਅ ਦਿਓ।

**ਜਾਂ**

ਇੱਕ ਪੱਤਰ ਰਾਹੀਂ ਆਪਣੇ ਮਿੱਤਰ ਨੂੰ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ।

**1½ +4+1½ = 7**

ਪ੍ਰਸ਼ਨ:4 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਸਫ਼ਲ ਵਿਅਕਤੀ ਚਮਤਕਾਰਾਂ ਤੇ ਸੌਖੇ ਰਸਤਿਆਂ ਦੀ ਤਲਾਸ਼ 'ਚ ਨਹੀਂ ਰਹਿੰਦੇ। ਉਹ ਤਾਂ ਹੌਸਲੇ ਤੇ ਸ਼ਕਤੀ ਦੀ ਤਾਕ 'ਚ ਰਹਿੰਦੇ ਹਨ ਤਾਂ ਜੋ ਮੁਸੀਬਤ ਉੱਪਰ ਕਾਬੂ ਪਾ ਸਕਣ। ਉਹ ਇਹ ਨਹੀਂ ਦੇਖਦੇ ਕਿ ਕੀ ਗੁਆਚ ਗਿਆ ਹੈ, ਬਲਕਿ ਇਹ ਦੇਖਦੇ ਹਨ ਕਿ ਕੀ ਬਚ ਗਿਆ ਹੈ। ਕਾਮਨਾਵਾਂ ਕਦੇ ਸੱਚ ਨਹੀਂ ਹੁੰਦੀਆਂ। ਵਿਸ਼ਵਾਸ ਤੇ ਆਸ਼ਾਵਾਂ ਦ੍ਰਿੜਤਾ ਨਾਲ ਹੀ ਪੂਰੇ ਹੁੰਦੇ ਹਨ। ਉਹੀ ਪ੍ਰਾਰਥਨਾਵਾਂ ਝੱਟ ਸੁਣੀਆਂ ਜਾਂਦੀਆਂ ਹਨ ਜਿਨ੍ਹਾਂ ਉੱਪਰ ਹੌਸਲੇ ਨਾਲ ਕੰਮ ਕੀਤਾ ਗਿਆ ਹੋਵੇ। ਇਹ ਹਿੰਮਤ ਤੇ ਚਰਿੱਤਰ ਹੀ ਹਨ ਜਿਹੜੇ ਮਿਲ ਕੇ ਸਫ਼ਲਤਾ ਦਿਵਾਉਂਦੇ ਹਨ। ਇਹੀ ਸਾਧਾਰਨ ਤੇ ਅਸਾਧਾਰਨ ਵਿੱਚ ਫ਼ਰਕ ਹੈ।

ਪ੍ਰਸ਼ਨ: 1 ਸਫ਼ਲ ਵਿਅਕਤੀ ਕਿਹੜੇ ਰਸਤਿਆਂ ਦੀ ਤਲਾਸ਼ ਨਹੀਂ ਕਰਦੇ?
ਪ੍ਰਸ਼ਨ:2 ਸਫ਼ਲ ਵਿਅਕਤੀ ਕਿਸ ਤਾਕ ਵਿੱਚ ਰਹਿੰਦੇ ਹਨ, ਕਿਉਂ?

E-Pasta Distt Administration Pathankot

ਪ੍ਰਸ਼ਨ:3 ਕਿਹੜੀਆਂ ਪ੍ਰਾਰਥਨਾਵਾਂ ਝੱਟ ਸੁਣੀਆਂ ਜਾਂਦੀਆਂ ਹਨ?

ਪ੍ਰਸ਼ਨ:4 ਸਫ਼ਲ ਲੋਕ ਕਿਸ ਚੀਜ਼ ਦੀ ਪ੍ਰਵਾਹ ਨਹੀਂ ਕਰਦੇ ਅਤੇ ਕਿਉਂ?

**1+1+1+1= 4**

ਪ੍ਰਸ਼ਨ:5 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ, ਸਪਸ਼ਟ ਹੋ ਜਾਣ :

ਅੱਡੀ ਚੋਟੀ ਦਾ ਜ਼ੋਰ ਲਾਉਣਾ, ਇੱਟ ਨਾਲ ਇੱਟ ਖੜਕਾਉਣਾ, ਸੁੱਕ ਕੇ ਤੀਲਾ ਹੋਣਾ, ਹੱਥ ਪੈਰ ਮਾਰਨਾ, ਕਬਰ ਕਿਨਾਰੇ ਹੋਣਾ, ਖ਼ਾਕ ਛਾਣਨਾ, ਗਲ਼ ਪਿਆ ਢੋਲ ਵਜਾਉਣਾ, ਘੋਗਾ ਚਿੱਤ ਕਰਨਾਂ, ਚਾਂਦੀ ਦੀ ਜੁੱਤੀ ਮਾਰਨਾ, ਜਾਗ ਲੱਗਣਾ।

**1+1+1+1+1= 5**

ਪ੍ਰਸ਼ਨ:6 ਵਿਸਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ :

ਹੋਰ ਤਾਂ ਹੋਰ ਆਖ਼ਿਰ ਵੀ ਬਹੁਤੇ ਪੰਜਾਬੀ ਮੰਗ ਕੇ ਪੜ੍ਹਦੇ ਹਨ ਗੱਲ ਕੀ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੀ ਨਹੀਂ

**2**

ਪ੍ਰਸ਼ਨ:7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਵਿਆਕਰਨ ਦੀ ਪਰਿਭਾਸ਼ਾ ਲਿਖੋ?

(ਅ) ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ?

**1+1=2**

ਪ੍ਰਸ਼ਨ:8 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਭਾਸ਼ਾ ਦੀ ਪਰਿਭਾਸ਼ਾ ਲਿਖੋ?

(ਅ) ਮਾਂ-ਬੋਲੀ ਕਿਸ ਨੂੰ ਕਹਿੰਦੇ ਹਨ?

(ੲ) ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ?

**1+1+1= 3**

ਪ੍ਰਸ਼ਨ:9 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) 1. ਨਾਂਵ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ?

2. ਪ੍ਰਸ਼ਨ-ਵਾਚਕ ਪੜਨਾਂਵ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ? **1½ +1½ =3**

(ਅ) 1. ਵਿਅੰਜਨ ਧੁਨੀਆਂ ਕਿਹੜੀਆਂ ਹੁੰਦੀਆਂ ਹਨ?

2. ਨਾਸਕੀ ਵਿਅੰਜਨ ਧੁਨੀਆਂ ਬਾਰੇ ਤੁਸੀਂ ਕੀ ਜਾਣਦੇ ਹੋ? **1+1= 2**

ਪ੍ਰਸ਼ਨ:10 ਹੇਠ ਲਿਖੇ ਵਾਕ ਨੂੰ ਲਿੰਗ ਤੇ ਵਚਨ ਬਦਲ ਕੇ ਦੁਬਾਰਾ ਲਿਖੋ :

ਮੈਂ ਚਿੜੀਆ-ਘਰ ਵਿੱਚ ਬਾਂਦਰ, ਹਿਰਨ, ਸ਼ੇਰ ਤੇ ਹਾਥੀ ਵੇਖਿਆ। **2**

E-Basta Dist Administration Pathankot